ooE

ਸਿੱਖ ਧਰਮ (ਮੁਢਲੀ ਜਾਣਕਾਰੀ)

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਸਿੱਖ ਧਰਮ ਗੁਰੂ ਨਾਨਕ ਦੇਵ ਜੀ ਨੇ ਦਸ ਜਾਮਿਆਂ ਵਿੱਚ (੧੪੬੯-੧੭੦੮) ਭਾਰਤ ਵਰਸ਼ ਅੰਦਰ ਸਥਾਪਿਤ ਕੀਤਾ ਹੈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਵਿਅਕਤੀਗਤ ਗੁਰੂ ਦੀ ਪ੍ਰੰਪਰਾ ਬੰਦ ਕਰਕੇ ''ਗੁਰੂ ਗ੍ਰੰਥ ਸਾਹਿਬ'' ਜੀ ਨੂੰ ਅੰਤਲੇ ਤੇ ਸਦੀਵੀ ਗੁਰੂ ਹੋਣ ਦੀ ਘੋਸ਼ਨਾ ਕੀਤੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂਆਂ ਵੱਲੋਂ ਆਪ ਲਿਖੀ ਅਤੇ ਸੰਕਲਤ ਕੀਤੀ ਹੋਣ ਕਰਕੇ ਇਹ ਅਸਲੀ ਅਤੇ ਪ੍ਰਮਾਣਿਕ ਹੈ, ਕਿਸੇ ਨੂੰ ਕੋਈ ਲਗ-ਮਾਤਰਾ ਤੱਕ ਤਬਦੀਲ ਕਰਨ ਦੀ ਆਗਿਆ ਨਹੀਂ।

ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦੀ ਜੀਵਨ-ਕਥਾ ਨਹੀਂ ਸਗੋਂ ਸਰਬ-ਸ਼ਕਤੀਮਾਨ ਅਕਾਲ ਪੁਰਖ ਦੀ ਮਹਿਮਾਂ ਨੂੰ ਸਮਰਪਤ ਹੈ।

ਸਿੱਖ ਧਰਮ ਆਪਣੇ ਤੋਂ ਪਹਿਲਾਂ ਸਥਾਪਤ ਹੋਏ ਹੋਰ ਧਰਮਾਂ ਦਾ ਮਿਸ਼ਰਣ ਜਾਂ ਪ੍ਰਤੀਰੂਪ ਨਹੀਂ ਸਗੋਂ ਇੱਕ ਨਵਾਂ ਪੂਰਨ ਤੌਰ 'ਤੇ ਦੈਵੀ ਸੰਦੇਸ਼ ਹੈ। ਗੁਰੂ ਸਾਹਿਬਾਨ ਨੇ ਜੋ ਆਦੇਸ਼ ਇਸ ਸੰਸਾਰ ਨੂੰ ਦਿੱਤੇ ਹਨ ਉਹ ਸਿੱਧੇ ਅਕਾਲਪੁਰਖ ਤੋਂ ਆਏ ਸਨ, ਜਿਸ ਦੀ ਪੁਸ਼ਟੀ ਗੁਰੂ ਸਾਹਿਬਾਨ ਨੇ ਆਪ ਕੀਤੀ ਹੋਈ ਹੈ।

- ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ॥ (੩੦E)

ਸਿੱਖ ਧਰਮ ਮੁਕਤੀ ਪ੍ਰਾਪਤ ਕਰਨ ਵਾਸਤੇ ਵਰਤ, ਰੀਤਾਂ, ਕਰਮਕਾਂਡਾਂ, ਰਸਮਾਂ ਨੂੰ ਪ੍ਰਵਾਣ ਨਹੀਂ ਕਰਦਾ। ਇਹ ਜੋਗ, ਸਰੀਰਕ ਤਪੱਸਿਆ ਅਤੇ ਸੰਨਿਆਸ ਨੂੰ ਵੀ ਨਿਕਾਰਦਾ ਹੈ। ਇਹ ਦੇਵੀ-ਦੇਵਤਿਆਂ, ਪੱਥਰਾਂ, ਬੁੱਤਾਂ, ਮੂਰਤੀਆਂ, ਤਸਵੀਰਾਂ, ਕਬਰਾਂ ਅਤੇ ਮਸਾਣਾਂ ਦੀ ਪੂਜਾ ਨੂੰ ਵੀ ਨਹੀਂ ਮੰਨਦਾ। ਕੇਵਲ ਇੱਕ ਨਿਰਾਕਾਰ ਅਕਾਲਪੁਰਖ ਦੀ ਵਡਿਆਈ ਦੀ ਵਿਚਾਰ ਕਰਨੀ ਹੀ ਦੱਸਦਾ ਹੈ। ਗੁਰੂ ਸਾਹਿਬਾਨ ਨੇ ਕੇਵਲ ਇੱਕ ਸਰਬ-ਉੱਚ ਹੋਂਦ ਅਕਾਲ ਪੁਰਖ ਤੋਂ ਸਿਵਾ ਹੋਰ ਕਿਸੇ ਨੂੰ ਨਹੀਂ ਮੰਨਿਆ।

ਸਿੱਖ ਧਰਮ ਦਾ ਅਧਿਆਤਮਕ ਪ੍ਰਸਤਾਵ ਇਹ ਹੈ ਕਿ ਇਸ ਸੰਸਾਰ ਅੰਦਰ ਹਰ ਇੱਕ ਪ੍ਰਾਣੀ-ਮਾਤਰ (ਅਮੀਰ ਜਾਂ ਗਰੀਬ, ਉੱਚਾ ਜਾਂ ਨੀਵਾਂ, ਜਾਤ, ਮੱਤ, ਰੰਗ, ਨਸਲ, ਲਿੰਗ, ਧਰਮ ਜਾਂ ਕੌਮੀਅਤ ਦੇ ਭਾਵ ਤੋਂ ਬਿਨਾਂ) ਵਿੱਚ ਇੱਕੋ ਹੀ ਦੈਵੀ ਪ੍ਰਕਾਸ਼ ਵਸਿਆ ਹੋਇਆ ਹੈ। ਇਸੇ ਕਰਕੇ ਸਮੁੱਚੇ ਜਗਤ ਦੇ ਗੁਰੂ ਘਰ, ਬਿਨਾਂ ਕਿਸੇ ਪੱਖਪਾਤ ਜਾਂ ਸਮਾਜਿਕ ਭੇਦ-ਭਾਵ ਬਗ਼ੈਰ ਖੁੱਲ੍ਹੇ ਹਨ। ਗੁਰਦੁਆਰੇ ਵਿੱਚ ਆਉਣ ਅਤੇ ਪੂਜਾ-ਪਾਠ ਵਿੱਚ ਭਾਗ ਲੈਣ ਤੋਂ ਕੋਈ ਰੋਕ-ਟੋਕ ਨਹੀਂ।

ਲੰਗਰ ਦੀ ਪ੍ਰੰਪਰਾ ਪਹਿਲੇ ਪਾਤਸ਼ਾਹ ਨੇ ਆਰੰਭ ਕੀਤੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਉਸ ਨੂੰ ਪ੍ਰਪੱਕ ਕੀਤਾ ਹੈ। ਲੰਗਰ ਦੇ ਨਿਯਮਾਂ ਅਨੁਸਾਰ ਬਿਨਾਂ ਕਿਸੇ ਉੱਚ-ਨੀਚ, ਅਮੀਰ-ਗਰੀਬ, ਰਾਜਾ-ਪਰਜਾ ਦੇ ਭੇਦ ਭਾਵ ਤੋਂ ਬਿਨਾਂ ਹਰ ਮਨੁੱਖ ਬਰਾਬਰ ਪੰਗਤ ਵਿੱਚ ਬੈਠ ਕੇ ਛਕੇ ਤਾਂ ਕਿ ਬਰਾਬਰਤਾ ਆ ਸਕੇ। ਤੀਜੇ ਪਾਤਸ਼ਾਹ ਦਾ ਹੁਕਮ ਸੀ ਕਿ ਕੋਈ ਵੀ ਲੰਗਰ ਵਿੱਚ ਬੈਠ ਭੋਜਨ ਛੱਕਣ ਬਗੈਰ ਉਨ੍ਹਾਂ ਦੇ ਦਰਸ਼ਨਾਂ ਨੂੰ ਨਹੀਂ ਆ ਸਕਦਾ। ਇਸੇ ਕਰਕੇ ਅਕਬਰ ਬਾਦਸ਼ਾਹ ਜਦੋਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਸੀ ਤਾਂ ਪਹਿਲਾਂ ਲੰਗਰ ਛਕਿਆ ਸੀ।

ਸਿੱਖ ਧਰਮ ਵਿਗਿਆਨਕ ਅਤੇ ਨਵੀਨਤਮ ਧਰਮ ਹੈ। ਇਹ ਧਰਮ ਸੱਚ, ਅਸੀਮ ਤੇ ਅਨੰਤ ਵਾਹਿਗੁਰੂ ਤੀਕ ਅਪੜਨ ਦਾ ਸੱਚਾ ਮਾਰਗ ਹੈ। ਇਸ ਮਾਨਵੀ ਤੇ ਸਾਂਝੀਵਾਲਤਾ ਵਾਲੇ ਧਰਮ ਨੇ ਮਨੁੱਖ ਨੂੰ ਸਚਿਆਰਾ ਬਣਾ ਕੇ ਸੱਚ ਸਰੂਪ ਬਣਾਉਣਾ ਹੈ। ਇਸ ਵਿੱਚ ਸਿਧਾਂਤ ਨਾਲੋਂ ਅਮਲੀ ਜੀਵਨ ਦੀ ਵਧੇਰੇ ਪ੍ਰੇਰਨਾ ਮਿਲਦੀ ਹੈ। ਗੁਰਮਤਿ ਵਿਗਿਆਨਕ, ਮਨੋਵਿਗਿਆਨਕ, ਦਾਰਸ਼ਨਿਕ, ਬੌਧਿਕ, ਸਦਾਚਾਰਕ ਤੇ ਵਿਵਹਾਰਕ ਪਹਿਲੂਆਂ ਤੋਂ ਪੂਰਾ ਉਤਰਨ ਵਾਲਾ ਯਥਾਰਥਵਾਦੀ ਧਰਮ ਹੈ, ਜੋ ਮਨੁੱਖਤਾ ਨੂੰ ਇੱਕ ਈਸ਼ਵਰਵਾਦ ਦਾ ਸੰਦੇਸ਼ ਦੇ ਕੇ ਸਾਂਝੀਵਾਲਤਾ ਦੀ ਲੜੀ ਵਿੱਚ

ਸੂਤਰ ਬੱਧ ਕਰਦਾ ਹੈ। ਇਹ ਪ੍ਰਭੂ ਪ੍ਰਾਪਤੀ ਦਾ ਗਾਡੀ ਰਾਹ ਹੈ, ਜਿਸ ਉੱਤੇ ਤੁਰਿਆਂ ਪਰਮ-ਆਨੰਦ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਇਹ ਪ੍ਰੇਮਾ-ਭਗਤੀ ਵਾਲਾ ਮੱਤ ਹੈ ਤੇ ਇਸ ਨਾਲ **"ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ ਵਿੱਚੇ ਹੋਵੇ ਮੁਕਤਿ"** ਵਾਲੇ ਲਕਸ਼ ਦੀ ਪੂਰਤੀ ਹੁੰਦੀ ਹੈ। ਇਸ ਮਾਰਗ ਤੇ ਤੁਰਨ ਲਈ ਗ੍ਰਹਿਸਤ ਜੀਵਨ ਦੇ ਤਿਆਗ ਦੀ ਲੋੜ ਨਹੀਂ, ਸਗੋਂ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣ ਦੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਧਾਰਨ ਕਰਨਾ ਹੀ ਗੁਰਮਤਿ ਦਾ ਅਸਲ ਮਨੋਰਥ ਹੈ। ਇਸ ਸੱਚੇ ਮਾਰਗ ਤੇ ਤੁਰਦਿਆਂ ਹੱਠ, ਜੱਪ, ਤੱਪ, ਪੁੰਨ, ਦਾਨ ਤੇ ਹੋਰ ਫੋਕਟ ਕਰਮ-ਕਾਂਡਾਂ ਦੀ ਉਕਾ ਹੀ ਕੋਈ ਲੋੜ ਨਹੀਂ, ਸਗੋਂ ਮਨੁੱਖ ਨੇ ਕੰਵਲ ਅਤੇ ਮੁਰਗਾਬੀ (ਜਿਵੇਂ ਪਾਣੀ ਵਿੱਚ ਰਹਿੰਦੇ ਹੋਏ ਵੀ ਡੁੱਬਦੇ ਨਹੀਂ) ਦੀ ਨਿਆਈ ਜੀਵਨ ਬਿਤਾਉਣਾ ਹੈ।

ਗੁਰਮਤਿ ਜਿੱਥੇ ਮਨੁੱਖ ਨੂੰ ਪ੍ਰਮਾਤਮਾ ਦਾ ਮਿਲਾਪ ਤੇ ਹਉਮੈ ਦੀ ਪਾਲ (ਕੰਧ) ਨੂੰ ਤੋੜਨ ਲਈ, ਬਲ ਉਤਸ਼ਾਹ ਪ੍ਰਦਾਨ ਕਰਦੀ ਹੈ, ਉਥੇ ਵਿਵਹਾਰਕ ਤੇ ਸੰਸਾਰਕ ਜੀਵਨ ਨੂੰ ਸੁਨਹਿਰਾ ਤੇ ਉਜਲਾ ਬਣਾਉਣ ਵਿੱਚ ਅਗਵਾਈ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਰਮ ਸਮੁੱਚੇ ਵਿਸ਼ਵ ਲਈ ਕਲਿਆਣਕਾਰੀ ਹੈ। ਇਹ ਸਮਾਜਵਾਦੀ ਧਰਮ ਹੈ ਜਿਸ ਵਿੱਚ ਹਰ ਮਨੁੱਖ ਨੇ ਬਿਨਾਂ ਕਿਸੇ ਜਾਤ, ਨਸਲ, ਰੰਗ, ਉਚ-ਨੀਚ ਦੇ ਭੇਦ ਭਾਵ ਤੋਂ, ਇੱਕ ਪਿਤਾ ਦੀ ਸੰਤਾਨ ਵਾਂਗ ਰਹਿਣ ਦਾ ਉਪਦੇਸ਼ ਦ੍ਰਿੜ੍ਹ ਕਰਨਾ ਹੈ। **"ਸਭਨਾ ਜੀਆ ਕਾ ਇਕ ਦਾਤਾ"** ਤੇ **"ਏਕ ਪਿਤਾ, ਏਕਸ ਕੇ ਹਮ ਬਾਰਿਕ"**।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਸਾਰੇ ਗੁਰੂ ਸਾਹਿਬਾਨ ਜੀ ਨੇ ਗੁਰਬਾਣੀ (ਰੱਬੀ ਬਾਣੀ) ਨੂੰ ਹੀ ਆਪਣਾ ਗੁਰੂ ਬਣਾਇਆ ਹੈ ਤੇ ਅੱਗੋਂ ਮਨੁੱਖ ਜਾਤੀ ਨੂੰ ਵੀ ਇਸ ਬਾਣੀ ਦੇ ਲੜ ਲਾਇਆ ਤਾਂ ਜੋ ਭੇਖੀ ਤੇ ਦੰਭੀ ਗੁਰੂ, ਸੰਤ, ਮਹੰਤ, ਡੇਰੇਦਾਰ ਲੋਕਾਂ ਨੂੰ ਭਰਮ ਭਰਾਂਤੀਆਂ ਵਿੱਚ ਨਾ ਫਸਾ ਸਕਣ। ਇਸ ਆਸ਼ੇ ਨੂੰ ਪੂਰਾ ਕਰਨ ਲਈ ਅਸਲੀ ਗੁਰਮੁਖਿ, ਸੰਤ, ਗੁਰਸਿੱਖ, ਸਤਿਗੁਰੂ, ਸਾਧੂ-ਜੋ ਇੱਕੋ ਅਰਥ-ਭਾਵ ਰੱਖਣ ਵਾਲੇ ਪੱਦ ਹਨ – ਦੇ ਲੱਛਣ ਤੇ ਨਿਤ ਦੀ ਰਹਿਣੀ ਬਾਰੇ ਗੁਰਮਤਿ ਵਿਸਥਾਰ ਸਹਿਤ ਚਾਨਣਾ ਪਾਉਂਦੀ ਹੈ ਤਾਂ ਜੋ ਦੰਭੀ ਤੇ ਪਾਖੰਡੀ ਆਦਮੀ ਜਗਿਆਸੂ ਨੂੰ ਕੁਰਾਹੇ ਨਾ ਪਾ ਸਕਣ। ਗੁਰੂ ਸਾਹਿਬਾਨ ਨੇ ਭਾਰਤੀ ਸਮਾਜ ਵਿੱਚ ਪ੍ਰਚਲਤ ਰੀਤੀ, ਰਿਵਾਜ, ਭਰਮ, ਵਹਿਮ, ਕਰਮ ਕਾਂਡ ਤੇ ਅੰਧ ਵਿਸ਼ਵਾਸ ਦੇ ਖਾਤਮੇ ਲਈ ਪਰਉਪਕਾਰੀ ਕੰਮ ਕੀਤੇ। ਬਹੁਤ ਦੇਵ-ਵਾਦ ਤੇ ਮੂਰਤੀ ਪੂਜਾ ਦੀ ਥਾਂ ਇੱਕ ਨਿਰੰਕਾਰ ਦੀ ਅਰਾਧਨਾ ਕਰਨ ਤੇ ਬਲ ਦਿੱਤਾ। ਗੁਰੂ ਜੀ ਨੇ ਸੱਚ ਦੇ ਪ੍ਰਕਾਸ਼ ਨਾਲ ਕੂੜ ਦੀ ਅਮਾਵਸ ਨੂੰ ਰੁਸ਼ਨਾਇਆ ਤੇ ਧੁਰ ਕੀ ਬਾਣੀ ਦੇ ਚਾਨਣ ਮੁਨਾਰੇ (ਲਾਈਟ ਹਾਊਸ) ਨਾਲ ਅਗਿਆਨਤਾ ਦੇ ਹਨੇਰੇ ਦਾ ਵਿਨਾਸ਼ ਕੀਤਾ।

ਅੱਜ ਅਸੀਂ ਆਪਣੇ ਵੱਡਮੁਲੇ ਤੇ ਗੌਰਵਮਈ ਵਿਰਸੇ ਤੋਂ ਅਵੇਸਲੇ ਹੋ ਰਹੇ ਹਾਂ। ਗੁਰੂ ਸਾਹਿਬ ਨੇ ਜਿਨ੍ਹਾਂ ਭਰਮ ਭਰਾਤੀਆਂ, ਫੋਕਟ ਕਰਮ ਕਾਂਡਾਂ, ਵਹਿਮਾਂ ਭਰਮਾਂ, ਰਸਮ ਰਿਵਾਜਾਂ ਤੇ ਅੰਧ ਵਿਸ਼ਵਾਸਾਂ ਵਿੱਚੋਂ ਸਾਨੂੰ ਕੱਢਿਆ ਸੀ, ਅੱਜ ਅਸੀਂ ਫਿਰ ਉਨ੍ਹਾਂ ਦੀ ਦਲਦਲ ਵਿੱਚ ਫਸ ਚੁੱਕੇ ਹਾਂ। ਅਸਲੀਅਤ ਨੂੰ ਛੱਡ ਕੇ ਪਾਖੰਡੀ, ਭੇਖੀ ਤੇ ਦੰਭੀ ਗੁਰੂਆਂ, ਸੰਤਾਂ, ਮਹੰਤਾਂ ਤੇ ਡੇਰੇਦਾਰਾਂ ਦੇ ਭਰਮ ਜਾਲ ਵਿੱਚ ਦੁੱਖੀ ਹੋ ਰਹੇ ਹਾਂ। ਇਸ ਲਈ ਅਜੋਕੇ ਸਮੇਂ ਵਿੱਚ ਗੁਰਮਤਿ ਦੇ ਸਹੀ ਪ੍ਰਚਾਰ ਦੀ ਡਾਢੀ ਆਵੱਸ਼ਕਤਾ ਹੈ।